# ਭਾਰਤ ਨਾਲ ਵਪਾਰ 'ਚ
# ਬੀ.ਸੀ. ਪਛੜਿਆ



ਏਸ਼ੀਆ ਪੈਸੇਫਿਕ ਟਰੇਡ ਕੌਂਸਲ ਵੱਲੋਂ ਇੰਡੀਆ ਮਾਰਕਿਟ ਐਡਵਾਈਜ਼ਰੀ ਗਰੁੱਪ ਦੀ ਦੂਜੀ ਰਿਪੋਰਟ ਬੀ.ਸੀ. ਸਰਕਾਰ ਦੇ ਇਕਨਾਮਿਕ ਡੀਵੈਲਪਮੈਂਟ ਮਨਿਸਟਰ ਸ੍ਰੀ ਕੌਲਿਨ ਹੈਨਸਨ ਨੂੰ ਭੇਂਟ ਕੀਤੇ ਜਾਣ ਸਮੇਂ (ਖੱਬੇ ਤੋਂ ਸੱਜੇ) ਸ੍ਰੀ ਅਸ਼ੋਕ ਕੁਮਾਰ ਕੌਂਸਲ ਜਨਰਲ ਆਫ ਇੰਡੀਆ, ਰਵਿੰਦਰ ਬਬਰ ਏਸ਼ੀਆ ਪੈਸੇਫਿਕ ਟਰੇਡ ਕੌਂਸਲ ਦੇ ਵਾਈਸ ਚੇਅਰਮੈਨ, ਰਿਚਡ ਲੀ ਐਮ.ਐਲ.ਏ. ਬਰਨਬੀ ਨਾਰਥ ਤੇ ਏਸ਼ੀਆ ਪੈਸੇਫਿਕ ਮਾਮਲਿਆਂ ਦੇ ਪਾਰਲੀਮਾਨੀ ਸਕੱਤਰ ਦੇਵ ਹੇਅਰ ਐਮ.ਐਲ.ਏ. ਸਰ੍ਹੀ ਟਾਇਨਹੈੱਡ ਤੇ ਮਲਟੀਕਲਚਰ/ਇਮੀਗ੍ਰੇਸ਼ਨ ਮਾਮਲਿਆਂ ਦੇ ਪਾਰਲੀਮਾਨੀ ਸਕੱਤਰ, ਕੋਲਿਨ ਹੈਨਸਨ ਬੀ.ਸੀ. 'ਚ ਇਕਨਾਮਿਕ ਡ੍ਰੀਵੈਲਪਮੈਂਟ ਦੇ ਮੰਤਰੀ, ਡਾ. ਅਰੁਣ ਗਰਗ ਇੰਡੀਆ ਮਾਰਕਿਟ ਐਡਵਾਈਜ਼ਰੀ ਗਰੁੱਪ ਦੇ ਚੇਅਰਮੈਨ, ਜੌਹਨ ਨੂਰਾਨੀ ਐਮ.ਐਲ.ਏ. ਬਰਨਬੀ ਵਿਲਿੰਗਡਨ ਅਤੇ ਇੰਡੀਆ ਮਾਰਕਿਟ ਐਡਵਾਈਜ਼ਰੀ ਗਰੁੱਪ ਦੇ ਹੋਰ ਮੈਂਬਰ



(ਖੱਬੇ ਤੋਂ ਸੱਜੇ) ਡੀ.ਜੇ. ਸੰਧੂ (ਪ੍ਰੋਫੈਸਰ ਆਫ ਮਾਰਕਿਟਿੰਗ, ਯੂਨੀਵਰਸਿਟੀ ਕਾਲਜ ਆਫ ਫਰੇਜ਼ਰ ਵੈਲੀ), ਅਰਵਿੰਦਰ ਬਬਰ (ਵਾਈਸ ਚੇਅਰ, ਏਸ਼ੀਆ ਪੈਸੇਫਿਕ ਟਰੇਡ ਕੌਂਸਲ), ਦੇਵ ਹੇਅਰ (ਐਮ.ਐਲ.ਏ.), ਆਰਥਰ ਹਾਰਾ (ਚੇਅਰ, ਏਸ਼ੀਆ ਪੈਸੇਫਿਕ ਟਰੇਡ ਕੌਂਸਲ) ਅਤੇ ਗਿਆਨ ਸਿੰਘ ਕੋਟਲੀ

**ਵੈਨਕੂਵਰ,** (ਬੀ.ਸੀ.)—ਸਾਲ 2005 ਵਿਚ ਬੀ.ਸੀ. 'ਚੋਂ ਭਾਰਤ ਨਾਲ ਬਰਾਮਦਾਂ ਵਿਚ ਭਾਵੇਂ 36 ਪ੍ਰਤੀਸ਼ਤ ਵਾਧਾ ਹੋਇਆ ਹੈ ਪਰ ਏਸ਼ੀਆ ਪੈਸੇਫਿਕ ਟਰੇਡ ਕੌਂਸਲ ਅਨੁਸਾਰ ਭਾਰਤ ਨੂੰ ਬਰਾਮਦ ਦੇ ਖੇਤਰ ਵਿਚ ਕਨੇਡਾ ਅਤੇ ਬੀ.ਸੀ. ਵਿਸ਼ੇਸ਼ ਕਰਕੇ ਪਿਛਲੇ ਇਕ ਦਹਾਕੇ ਦੌਰਾਨ ਬਹੁਤ ਪੱਛੜ ਗਿਆ ਹੈ। ਕੌਂਸਲ ਦੇ ਮਾਰਕਿਟ ਸਲਾਹਕਾਰ ਗਰੁੱਪ ਵੱਲੋਂ ਜਾਰੀ ਸਿਫਾਰਸ਼ਾਂ ਅਨੁਸਾਰ ਬੀ.ਸੀ. ਅਤੇ ਇੰਡੀਆ ਵਿਚਕਾਰ ਜਾਣਕਾਰੀ ਤੇ ਮਨੁੱਖੀ ਆਦਾਨ-ਪ੍ਰਦਾਨ ਵਧਾਉਣ ਦੀ ਲੋੜ ਹੈ। ਬੀ.ਸੀ. ਤੋਂ ਭਾਰਤ ਨੂੰ ਬਰਾਮਦ ਸਾਲ 2004 ਵਿਚ 149 ਮਿਲੀਅਨ ਡਾਲਰ ਸੀ ਜੋ ਸਾਲ 2005 ਦੌਰਾਨ ਵਧ ਕੇ 203 ਮਿਲੀਅਨ ਡਾਲਰ ਹੋਈ ਸੀ। ਓਨਟਾਰੀਓ ਸੂਬੇ ਨੇ ਦਿੱਲੀ ਵਿਖੇ ਆਪਣਾ ਅੰਤਰਰਾਸ਼ਟਰੀ ਮਾਰਕਿਟਿੰਗ ਖੋਲ੍ਹਿਆ ਹੈ ਜਦ ਕਿ ਵਾਪਰ ਵਧਾਉਣ ਦੇ ਮੰਤਵ ਨਾਲ ਕਿਊਬਕ ਵੱਲੋਂ ਵੀ ਛੇਤੀ ਹੀ ਉੱਥੇ ਦਫਤਰ ਖੋਲ੍ਹਿਆ ਜਾ ਰਿਹਾ ਹੈ। ਮਾਰਕਿਟ ਸਲਾਹਕਾਰ ਗਰੁੱਪ ਵੱਲੋਂ ਬੀ.ਸੀ. ਸਰਕਾਰ ਨੂੰ ਭਾਰਤ ਵਿਖੇ 'ਬੀ.ਸੀ. ਇੰਡੀਆ' ਨੈਟਵਰਕ ਸਥਾਪਤ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਗਰੁੱਪ ਵੱਲੋਂ ਵੀਜ਼ੇ ਦੀ ਪ੍ਰਕ੍ਰਿਆ ਨੂੰ ਵਧੇਰੇ ਸੁਚਾਰੂ ਬਣਾਉਣ ਲਈ ਫੈਡਰਲ ਸਰਕਾਰ ਤੇ ਦਬਾਅ ਪਾਉਣ ਲਈ ਕਿਹਾ ਗਿਆ ਹੈ।

ਕੌਂਸਲ ਦਾ ਕਹਿਣਾ ਹੈ ਕਿ ਵਿਸ਼ੇਸ਼ ਕਰਕੇ ਵਿੱਦਿਆ ਦੇ ਖੇਤਰ 'ਚ ਵਿਦਿਆਰਥੀਆਂ ਨੂੰ ਆਕ੍ਰਿਸ਼ਤ ਕਰਨ ਵਿਚ ਆਸਟ੍ਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਤੇ ਅਮਰੀਕਾ ਦੇ ਮੁਕਾਬਲੇ ਕਨੇਡਾ ਬਹੁਤ ਪਿੱਛੇ ਰਹਿ ਗਿਆ ਹੈ। ਇਸ ਸਥਿਤੀ ਵਿਚ ਸੁਧਾਰ ਵੀਜ਼ਾ ਪ੍ਰਣਾਲੀ ਨੂੰ ਚੁਸਤ-ਦਰੁੱਸਤ ਕਰਨ ਨਾਲ ਹੀ ਹੋ ਸਕਦਾ ਹੈ।